| CLINIC HOURS | ✹ ABBOTSFORD | ✹ CHILLIWACK | ✹ LANGLEY | ✹ CLEARBROOK |
|---|---|---|---|---|
| Closed weekends and statutory holidays | 8:00 am - 5:00 pm<br>Monday to Friday | 8:30 am – 5:00 pm<br>Monday to Friday | 8:00 am – 5:00 pm<br>Monday to Friday | 8:30 am – 5:00 pm<br>Monday to Friday<br>(8:00 am booked apts. only) |

## ਮਰੀਜ ਵਾਸਤੇ ਜਰੂਰੀ ਸੂਚਨਾ:

- ਟੈਸਟ ਸਮੇ ਤੋ 15 ਮਿੰਟ ਪਹਿਲਾ ਰਜਿਸਟਰ ਹੋਣ ਵਾਸਤੇ ਪਹੁੰਚਣ ਦੀ ਕਿਰਪਾਲਤਾ ਕੀਤੀ ਜਾਵੇ ।
- **ਹਰੇਕ ਕਿਸਮ ਦੇ ਟੈਸਟ ਲਈ ਡਾਕਟਰ ਦੀ ਪਰਚੀ ਜਰੂਰੀ ਹੈ ।**
- ਹਰੇਕ ਟੈਸਟ ਸਮੇ ਆਪਣਾ ਮੈਡੀਕਲ ਕਾਰਡ ਦਿਖਾਉ ।
- **ਅਪਾਇਟਮੈਟ ਕੈਸਲ ਕਰੋਉਣ ਲਈ ਟੈਸਟ ਤੋ 24 ਘੰਟੇ ਪਹਿਲਾ ਇਤਲਾਹ ਕਰਨੀ ਜਰੂਰੀ ਹੈ ਤਾ ਜੋ ਟੈਸਟ ਦਾ ਖਰਚਾ ਬਿਲ ਵਿਚ ਨਾ ਪਵੇ ।**
- **ਬੇਨਤੀ ਹੈ ਕਿ ਆਪਣੇ ਬੱਚਿਆ ਨੂੰ ਘਰ ਛੱਡੋ ਜਾ ਫਿਰ ਇੱਥੇ ਉਨ੍ਹਾਂ ਦੀ ਦੇਖਰੇਖ ਲਈ ਕਿਸੇ ਨੂੰ ਨਾਲ ਲੈਕੈ ਆਉ ।**
- ਜੇ ਤਹਾਨੂੰ ਲੋੜ ਹੈ ਤਾ ਇੰਟਰਪਰੇਟਰ ਨੂੰ ਨਾਲ ਲੈਕੈ ਆਉ । ਟੈਸਟ ਦੀ ਤਿਆਰੀ ਵਾਸਤੇ ਹਿਦਾਇਤਾ ਵੱਖ ਵੱਖ ਭਾਸ਼ਾ ਵਿੱਚ ਮੋਜੂਦ ਹਨ |
- ਜੇਕਰ ਤੁਸੀ ਸ਼ੂਗਰ ਦੇ ਮਰੀਜ ਹੋ ਤਾ ਟੈਸਟ ਲਈ ਅਪਾਇਟਮੈਟ ਬੁੱਕ ਕਰਾਉਣ ਸਮੇ ਸਟਾਫ ਨੂੰ ਇਸ ਬਾਰੇ ਸੂਚਿਤ ਕਰੋ ।
- **ਟੈਸਟ ਲਈ ਲੋੜੀਦੀ ਤਿਆਰੀ ਪੂਰੀ ਨਾ ਹੋਣ ਦੀ ਸੂਰਤ ਵਿੱਚ ਅਪਾਇਟਮੈਂਟ ਦੁਬਾਰਾ ਬੁੱਕ ਕਰਾਉਣੀ ਪਵੇਗੀ ।**
- ਐਕਸਰੇ ਜਾ ਅਲਟਰਾਸਾਉਂਡ ਕਰਨ ਵਾਲੇ ਟੈਕਨੀਸ਼ਨ ਨੂੰ ਟੈਸਟ ਦੇ ਨਤੀਜੇ ਜਾ ਲਿੰਗ ਦੱਸਣ ਦੀ ਆਗਿਆ ਨਹੀ ਹੈ ।

| APPOINTMENT INFORMATION | |
|---|---|
| Monday ☐ Tuesday ☐ Wednesday ☐ Thursday ☐ Friday ☐<br>DATE: | TIME: |

## ਤਿਆਰੀ ਲਈ ਹਿਦਾਇਤਾ- ਸਾਰਿਆ ਵਾਸਤੇ ਅਪਾਇਟਮੈਂਟ ਜਰੂਰੀ ਹੈ:

☐ 1) ਬੇਰੀਅਮ ਐਨੀਮਾ (ਕੋਲਨ,ਵੱਡੀ ਅੰਤੜੀ ): ਟੈਸਟ ਲਗਭਗ ਇੱਕ ਘੰਟੇ ਦਾ ਹੋਵੇਗਾ ।ਕਿਰਪਾ ਕਰਕੇ ਆਪਣੇ ਡਾਕਟਰ ਜਾ ਐਕਸਰੇ ਕਲਿਨਿਕ ਤੋ ਹਿਦਾਇਤਾ ਪ੍ਰਾਪਤ ਕਰੋ। ਟੈਸਟ ਦੀ ਤਿਆਰੀ 48 ਘੰਟੇ ਪਹਿਲਾ ਸ਼ੁਰੂ ਕਰਨੀ ਹੁੰਦੀ ਹੈ । ਜੇ ਤੁਸੀ ਸ਼ੂਗਰ ਦੇ ਮਰੀਜ ਹੋ ਤਾ ਅਪਾਇਟਮੈਂਟ ਬੁੱਕ ਕਰਵਾਉਦੇ ਸਮੇ ਸਟਾਫ ਦੇ ਧਿਆਨ ਵਿੱਚ ਲਿਆਉ ।

☐ 2) ਭੋਜਨ ਨਾਲੀ,ਮੇਹਦਾ ਅਤੇ ਡਿਉਡੀਨਮ ( ਈ ਐਸ ਅਤੇ ਡੀ,ਐਸ ਅਤੇ ਡੀ, ਅੱਪਰ ਜੀ ਆਈ ਸੀਰੀਜ ): ਟੈਸਟ ਲਗਭਗ 30 ਮਿੰਟ ਦਾ ਹੋਵੇਗਾ । ਅੱਧੀ ਰਾਤ ਤੋ ਬਾਅਦ ਅਤੇ ਅਪਾਇਟਮੈਂਟ ਤੱਕ ਕੁੱਝ ਵੀ ਖਾਣਾ ਪੀਣਾ ਨਹੀ ( ਇੱਥੋਂ ਤੱਕ ਕਿ ਪਾਣੀ ਜਾ ਚਬੋਉਣ ਵਾਲੀ ਕੈਡੀਂ ਵੀ ਨਹੀ ਖਾਣੀ )

☐ 3) ਮੇਹਦਾ ਅਤੇ ਛੋਟੀ ਅੰਤੜੀ ਦੀ ਜਾਂਚ: ਅਪਾਇਟਮੈਂਟ ਲੱਗਭਗ 2-3 ਘੰਟੇ ਦੀ ਹੋਵੇਗੀ । ਅੱਧੀ ਰਾਤ ਤੋ ਬਾਅਦ ਅਤੇ ਅਪਾਇਟਮੈਂਟ ਤੱਕ ਕੁੱਝ ਵੀ ਖਾਣਾ ਪੀਣਾ ਨਹੀ ( ਇੱਥੋਂ ਤੱਕ ਕਿ ਪਾਣੀ ਜਾ ਚਬੋਉਣ ਵਾਲੀ ਕੈਂਡੀ ਵੀ ਨਹੀ )

☐ 4) ਵੋਡਿੰਗ ਸਿਸਟੋਰਿਥ੍ਰੋਗਰਾਮ : ਟੈਸਟ ਲੱਗਭਗ 30 ਮਿੰਟ ਦਾ ਹੋਵੇਗਾ । ਕੋਈ ਤਿਆਰੀ ਦੀ ਲੋੜ ਨਹੀ ।

☐ 5) ਆਰਥਰੋਗਰਾਮ : ਟੈਸਟ ਲੱਗਭਗ 30 ਮਿੰਟ ਦਾ ਹੋਵੇਗਾ । ਕੋਈ ਤਿਆਰੀ ਦੀ ਲੋੜ ਨਹੀ ।

☐ 6) ਹਿਸਟੈਰੋਸੈਲਪਿੰਗੋਗਰਾਮ : ਟੈਸਟ ਲੱਗਭਗ 30 ਮਿੰਟ ਦਾ ਹੋਵੇਗਾ । ਕੋਈ ਤਿਆਰੀ ਦੀ ਲੋੜ ਨਹੀ । ਪਰੰਤੂ ਮਾਹਵਾਰੀ ਸ਼ੁਰੂ ਹੋਣ ਤੇ ਪਹਿਲੇ ਦਿੰਨ ਹੀ ਅਪਾਇਟਮੈਟ ਬੁੱਕ ਕਰੋਉਣ ਲਈ ਫੋਨ ਕਰੋ ।

☐ 7) ਪੇਟ ਦਾ ਅਲਟਰਾਸਾਉਡ ( ਏਬੀਡੀ ਯੂ/ ਐਸ,ਪਿੱਤਾ ਜਾ ਜਿਗਰ੍ਹ ਆਦਿ ) ਟੈਸਟ ਲੱਗਭਗ 30 ਮਿੰਟ ਦਾ ਹੋਵੇਗਾ । ਅੱਧੀ ਰਾਤ ਤੋ ਬਾਅਦ ਅਤੇ ਅਪਾਇਟਮੈਂਟ ਤੱਕ ਕੁੱਝ ਵੀ ਖਾਣਾ ਪੀਣਾ ਨਹੀ । ਦਵਾਈ ਬਿਲਕੁੱਲ ਥੋੜੇ ਜਿਹੇ ਪਾਣੀ ਨਾਲ ਲਈ ਜਾ ਸਕਦੀ ਹੈ ।

☐ 8) ਯਣੇਪੇ ਸਬੰਧੀ,ਚੂਲਾ,ਗੁਰਦੇ ਸਬੰਧੀ ਅਲਟਰਾਸਾਉਡ : ਟੈਸਟ ਲੱਗਭਗ 30 ਮਿੰਟ ਦਾ ਹੋਵੇਗਾ । ਇਸ ਟੈਸਟ ਵਾਸਤੇ ਪਿਸ਼ਾਬ ਦਾ ਬਲੈਡਰ ਭਰਿਆ ਹੋਣਾ ਜਰੂਰੀ ਹੈ । ਯਣੇਪੇ ਜਾ ਪੈਲਵਿਕ ਟੈਸਟ ਲਈ ਟੈਸਟ ਤੋ 90 ਮਿੰਟ ਪਹਿਲਾ 32 ਆਊਂਸ (4 ਵੱਡੇ ਗਲਾਸ ) ਪਾਣੀ ਪੀਉ । ਟੈਸਟ ਸ਼ੁਰੂ ਹੋਣ ਤੋ ਇੱਕ ਘੰਟਾ ਪਹਿਲਾ ਪਾਣੀ ਮੁਕਾ ਲੈਣਾ ਚਾਹੀਦਾ ਹੈ । ਟੈਸਟ ਖਤਮ ਹੋਣ ਤੱਕ ਪਿਸ਼ਾਬ ਨਹੀ ਕਰਨਾ । ਗੁਰਦੇ ਦੇ ਟੈਸਟ ਲਈ ਸਿਰਫ 20 ਆਊਸ ਪਾਣੀ ਹੀ ਪੀਣਾ ਚਾਹੀਦਾ ਹੈ । ਅਤੇ ਅਪਾਇਟਮੈਂਟ ਸ਼ੁਰੂ ਹੋਣ ਤੋ ਇੱਕ ਘੰਟਾ ਪਹਿਲਾ ਪਾਣੀ ਖਤਮ ਕਰ ਲੈਣਾ ਚਾਹੀਦਾ ਹੈ ।

☐ 9) ਥਾਈਰਾਇਡ,ਗਲੇ ਦੀ ਗਿਲਟੀ,ਛਾਤੀ ਦਾ ਅਲਟਰਾਸਾਉਡ : ਟੈਸਟ ਲੱਗਭਗ 30 ਮਿੰਟ ਦਾ ਹੋਵਾਗਾ । ਕੋਈ ਤਿਆਰੀ ਦੀ ਲੋੜ ਨਹੀ ।

☐ 10) ਮੈਮੋਗਰਾਫੀ (ਛਾਤੀ ਦਾ ਐਕਸਰੇ ) : ਟੈਸਟ ਲੱਗਭਗ 30 -60 ਮਿੰਟ ਦਾ ਹੋਵੇਂਗਾ । ਅਪਾਇਟਮੈਂਟ ਤੋ ਪਹਿਲਾ ਕੱਛਾਂ ਨੂੰ ਚੰਗੀ ਤਰ੍ਹਾ ਧੋਵੋ ਅਤੇ ਕੋਈ ਵੀ ਡਿਉਡੋਰੇਟ ,ਪਾਉਡਰ ਜਾਂ ਪਰਫਿਊਮ ਦੀ ਵਰਤੋ ਨਾ ਕਰੋ ।

*ਤਿਆਰੀ ਵਾਸਤੇ ਵਧੇਰੇ ਜਾਣਕਾਰੀ ਲਈ ਸਾਡੀ ਵੈਬਸਾਈਟ ਦੇਖੋ*

*www.valleymedicalimaging.com*